# ਖਾਲਸਾ ਕਾਲਜ ਵਿਖੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅੰਤਰ - ਕਾਲਜ ਕਬੱਡੀ ਮੁਕਾਬਲੇ ਸੁਰੂ



ਸ੍ਰੀ ਅਨੰਦਪੁਰ ਸਾਹਿਬ, 02 ਅਕਤੂਬਰ (ਜੋਗਿੰਦਰ ਰਾਣਾ / ਦਰਸ਼ ਰਾਣਾ) - ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਵਿਖੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅੰਤਰ ਕਾਲਜ ਕਬੱਡੀ ਮੁਕਾਬਲਿਆਂ (ਲੜਕੇ ਤੇ ਲੜਕੀਆਂ) ਅੱਜ ਸੁਰੂ ਹੋਏ। ਇਹਨਾਂ ਮੁਕਾਬਲਿਆਂ ਦੇ ਪਹਿਲੇ ਦਿਨ ਪੰਜਾਬ ਦੇ ਵੱਖ ਵੱਖ ਕਾਲਜਾਂ ਤੋਂ ਆਈਆਂ ਲੜਕੇ ਤੇ ਲੜਕੀਆਂ ਦੀਆਂ ਕਬੱਡੀ ਟੀਮਾਂ ਨੇ ਆਪਣੀ ਖੇਡ ਕਲਾ ਦਾ ਪ੍ਰਦਰਸਨ ਕੀਤਾ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਜਸਵੀਰ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਗੁਰੂ ਤੇਗ ਬਹਾਦਰ ਦੇ ਨਾਂ ਤੇ ਚੱਲ ਰਹੀ ਇਸ ਮਹਾਨ ਸੰਸਥਾ ਨੇ ਧਾਰਮਿਕ, ਅਕਾਦਮਿਕ, ਰਾਜਨੀਤਿਕ, ਸੱਭਿਆਚਾਰਕ ਤੇ ਖੇਡਾਂ ਦੇ ਖੇਤਰ ਵਿੱਚ ਪੰਜਾਬ ਅਤੇ ਦੇਸ ਨੂੰ ਪ੍ਰਤਿਭਾਸਾਲੀ ਨੌਜਵਾਨ ਦਿੱਤੇ ਹਨ। ਉਨ੍ਹਾਂ ਕਿਹਾ ਕਿ ਮਾਂ ਖੇਡ ਕਬੱਡੀ ਨੂੰ ਪ੍ਰਫੁੱਲਿਤ ਕਰਨ ਲਈ ਕਾਲਜ ਵੱਲੋ ਹਮੇਸਾਂ ਵਡਮੁੱਲਾ ਯੋਗਦਾਨ ਪਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਤਿੰਨ ਰੋਜਾ ਅੰਤਰ ਕਾਲਜ ਮੁਕਾਬਲਿਆਂ ਵਿੱਚ ਜਿੱਥੇ ਪੰਜਾਬ ਦੇ ਵੱਖ-ਵੱਖ ਹਿੱਸਿਆਂ ਤੋਂ ਖਿਡਾਰੀ ਪੁੱਜੇ ਹਨ ਉੱਥੇ ਹੀ ਬੜੇ ਮਾਣ ਵਾਲੀ ਗੱਲ ਹੈ ਕਿ ਇਲਾਕੇ ਦੇ ਨੌਜਵਾਨ ਬੱਚੇ ਤੇ ਬੱਚੀਆਂ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਦੀ ਕਬੱਡੀ ਟੀਮ ਵਿੱਚ ਖੇਡ ਕੇ ਇਲਾਕੇ ਦਾ ਨਾਂ ਰੋਸਨ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਖਿਡਾਰੀਆਂ ਨੇ ਆਪਣੀ ਦਲੇਰੀ, ਫੁਰਤੀ ਅਤੇ ਟੀਮ ਵਰਕ ਨਾਲ ਦਰਸਕਾਂ ਦਾ ਭਰਪੂਰ ਮਨੋਰੰਜਨ ਵੀ ਕੀਤਾ ਹੈ। ਉਨ੍ਹਾਂ ਆਪਣੇ ਸੰਬੋਧਨ ਵਿੱਚ ਨੌਜਵਾਨਾਂ ਨੂੰ ਖੇਡਾਂ ਦੇ ਮਹੱਤਵ ਬਾਰੇ ਦੱਸਦਿਆਂ ਅਨੁਸਾਸਨ, ਸਮਰਪਣ ਅਤੇ ਟੀਮ ਸਪਿਰਿਟ ਦੀ ਭਾਵਨਾ ਨਾਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਸ. ਗੁਰਦੀਪ ਸਿੰਘ ਕੰਗ, ਵਧੀਕ ਮੈਨੇਜਰ ਐਡਵੋਕੇਟ ਸਿੰਘ ਹੈਪੀ, ਵਧੀਕ ਮੈਨੇਜਰ ਸੰਦੀਪ ਸਿੰਘ ਕਲੋਤਾ, ਕਾਲਜ ਦੇ ਸਰੀਰਕ ਸਿੱਖਿਆ ਵਿਭਾਗ ਦੇ ਮੁਖੀ ਪ੍ਰੋ. ਅਸੋਕ ਕੁਮਾਰ, ਪ੍ਰੋਫੈਸਰ ਜਗਵੰਤ ਸਿੰਘ, ਕਬੱਡੀ ਕੋਚ ਗੁਰਦੇਵ ਸਿੰਘ, ਮੀਤ ਮੈਨੇਜਰ ਸ.ਭੁਪਿੰਦਰ ਸਿੰਘ, ਜੇ.ਈ ਬਲਜਿੰਦਰ ਸਿੰਘ, ਪ੍ਰੋ. ਦਿਲਸੇਰਵੀਰ ਸਿੰਘ ਤੋਂ ਇਲਾਵਾ ਵੱਖ-ਵੱਖ ਕਾਲਜਾਂ ਦੇ ਵਿਦਿਆਰਥੀ ਤੇ ਸਟਾਫ ਦੀ ਮੌਜੂਦ ਸੀ।

ਦੇਸ਼ ਪ੍ਰਦੇਸ਼ ਟਾਈਮਜ਼
www.deshpardeshtimes.com

PunjabTimes

Punjab Times / 2025-10-03, 2, Punjabi

# ਖ਼ਾਲਸਾ ਕਾਲਜ ਵਿਖੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅੰਤਰ-ਕਾਲਜ ਕਬੱਡੀ ਮੁਕਾਬਲੇ ਸ਼ੁਰੂ

ਪੰਜਾਬ ਟਾਇਮਜ਼ ਵਿਸ਼ੇਸ਼



ਸ੍ਰੀ ਅਨੰਦਪੁਰ ਸਾਹਿਬ, 2 ਅਕਤੂਬਰ (ਦਵਿੰਦਰਪਾਲ ਸਿੰਘ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਵਿਖੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅੰਤਰ ਕਾਲਜ ਕਬੱਡੀ ਮੁਕਾਬਲਿਆਂ (ਲੜਕੇ ਤੇ ਲੜਕੀਆਂ) ਅੱਜ ਸ਼ੁਰੂ ਹੋਏ। ਇਹਨਾਂ ਮੁਕਾਬਲਿਆਂ ਦੇ ਪਹਿਲੇ ਦਿਨ ਪੰਜਾਬ ਦੇ ਵੱਖ ਵੱਖ ਕਾਲਜਾਂ ਤੋਂ ਆਈਆਂ ਲੜਕੇ ਤੇ ਲੜਕੀਆਂ ਦੀਆਂ ਕਬੱਡੀ ਟੀਮਾਂ ਨੇ ਆਪਣੀ ਖੇਡ ਕਲਾ ਦਾ ਪ੍ਰਦਰਸ਼ਨ ਕੀਤਾ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਜਸਵੀਰ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਗੁਰੂ ਤੇਗ ਬਹਾਦਰ ਦੇ ਨਾਂ ਤੇ ਚੱਲ ਰਹੀ ਇਸ ਮਹਾਨ ਸੰਸਥਾ ਨੇ ਧਾਰਮਿਕ, ਅਕਾਦਮਿਕ, ਰਾਜਨੀਤਿਕ, ਸੱਭਿਆਚਾਰਕ ਤੇ ਖੇਡਾਂ ਦੇ ਖੇਤਰ ਵਿੱਚ ਪੰਜਾਬ ਅਤੇ ਦੇਸ਼ ਨੂੰ ਪ੍ਰਤਿਭਾਸ਼ਾਲੀ ਨੌਜਵਾਨ ਦਿੱਤੇ ਹਨ। ਉਨ੍ਹਾਂ ਕਿਹਾ ਕਿ ਮਾਂ ਖੇਡ ਕਬੱਡੀ ਨੂੰ ਪ੍ਰਫੁੱਲਿਤ ਕਰਨ ਲਈ ਕਾਲਜ ਵੱਲੋਂ ਹਮੇਸ਼ਾਂ ਵਡਮੁੱਲਾ ਯੋਗਦਾਨ ਪਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਤਿੰਨ ਰੋਜ਼ਾ ਅੰਤਰ ਕਾਲਜ ਮੁਕਾਬਲਿਆਂ ਵਿੱਚ ਜਿੱਥੇ ਪੰਜਾਬ ਦੇ ਵੱਖ-ਵੱਖ ਹਿੱਸਿਆਂ ਤੋਂ ਖਿਡਾਰੀ ਪੁੱਜੇ ਹਨ ਉੱਥੇ ਹੀ ਬੜੇ ਮਾਣ ਵਾਲੀ ਗੱਲ ਹੈ ਕਿ ਇਲਾਕੇ ਦੇ ਨੌਜਵਾਨ ਬੱਚੇ ਤੇ ਬੱਚੀਆਂ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਦੀ ਕਬੱਡੀ ਟੀਮ ਵਿੱਚ ਖੇਡ ਕੇ ਇਲਾਕੇ ਦਾ ਨਾਂ ਰੋਸ਼ਨ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਖਿਡਾਰੀਆਂ ਨੇ ਆਪਣੀ ਦਲੇਰੀ, ਫੁਰਤੀ ਅਤੇ ਟੀਮ ਵਰਕ ਨਾਲ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਵੀ ਕੀਤਾ ਹੈ। ਉਨ੍ਹਾਂ ਆਪਣੇ ਸੰਬੋਧਨ ਵਿੱਚ ਨੌਜਵਾਨਾਂ ਨੂੰ ਖੇਡਾਂ ਦੇ ਮਹੱਤਵ ਬਾਰੇ ਦੱਸਦਿਆਂ ਅਨੁਸ਼ਾਸਨ, ਸਮਰਪਣ ਅਤੇ ਟੀਮ ਸਪਿਰਿਟ ਦੀ ਭਾਵਨਾ ਨਾਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਸ. ਗੁਰਦੀਪ ਸਿੰਘ ਕੰਗ, ਵਧੀਕ ਮੈਨੇਜਰ ਐਡਵੋਕੇਟ ਸਿੰਘ ਹੈਪੀ, ਵਧੀਕ ਮੈਨੇਜਰ ਸੰਦੀਪ ਸਿੰਘ ਕਲੋਤਾ, ਕਾਲਜ ਦੇ ਸਰੀਰਕ ਸਿੱਖਿਆ ਵਿਭਾਗ ਦੇ ਮੁਖੀ ਪ੍ਰੋ. ਅਸ਼ੋਕ ਕੁਮਾਰ, ਪ੍ਰੋਫੈਸਰ ਜਗਵੰਤ ਸਿੰਘ, ਕਬੱਡੀ ਕੋਚ ਗੁਰਦੇਵ ਸਿੰਘ, ਮੀਤ ਮੈਨੇਜਰ ਸ.ਭੁਪਿੰਦਰ ਸਿੰਘ, ਜੇ.ਈ ਬਲਜਿੰਦਰ ਸਿੰਘ, ਪ੍ਰੋ. ਦਿਲਸ਼ੇਰਵੀਰ ਸਿੰਘ ਤੋਂ ਇਲਾਵਾ ਵੱਖ-ਵੱਖ ਕਾਲਜਾਂ ਦੇ ਵਿਦਿਆਰਥੀ ਤੇ ਸਟਾਫ ਦੀ ਮੌਜੂਦ ਸੀ।

ਤਲਵਾੜ ਵਾਲੇ ਤੇ ਸੁਨੀਲ ਦੱਤ ...
ਭਾਰੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।

ਸੰਤ ਬਾਬਾ ਮੰਜੀ ਸਾਧ ਜੀ ਦਾ ... ਸਵਾਮੀ ਰਿਸ਼ੀ ਰਾਜ ਤੇ ਸੰਗਤਾਂ।

# ਖ਼ਾਲਸਾ ਕਾਲਜ ਵਿਖੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅੰਤਰ-ਕਾਲਜ ਕਬੱਡੀ ਮੁਕਾਬਲੇ ਸ਼ੁਰੂ

ਸ੍ਰੀ ਅਨੰਦਪੁਰ ਸਾਹਿਬ, 2 ਅਕਤੂਬਰ (ਦਲਜੀਤ ਸਿੰਘ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਸਥਾਨਕ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਵਿਖੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅੰਤਰ ਕਾਲਜ ਕਬੱਡੀ ਮੁਕਾਬਲੇ (ਲੜਕੇ ਤੇ ਲੜਕੀਆਂ) ਅੱਜ ਸ਼ੁਰੂ ਹੋਏ।

ਇਨ੍ਹਾਂ ਮੁਕਾਬਲਿਆਂ ਦੇ ਪਹਿਲੇ ਦਿਨ ਪੰਜਾਬ ਦੇ ਵੱਖ-ਵੱਖ ਕਾਲਜਾਂ ਤੋਂ ਆਈਆਂ ਲੜਕੇ ਤੇ ਲੜਕੀਆਂ ਦੀਆਂ ਕਬੱਡੀ ਟੀਮਾਂ ਨੇ ਆਪਣੀ ਖੇਡ ਕਲਾ ਦਾ ਪ੍ਰਦਰਸ਼ਨ ਕੀਤਾ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ.ਜਸਵੀਰ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਦੇ ਨਾਂ 'ਤੇ ਚੱਲ ਰਹੀ।

ਇਸ ਮਹਾਨ ਸੰਸਥਾ ਨੇ ਧਾਰਮਿਕ, ਅਕਾਦਮਿਕ, ਰਾਜਨੀਤਕ, ਸੱਭਿਆਚਾਰਕ ਤੇ ਖੇਡਾਂ ਦੇ ਖੇਤਰ ਵਿਚ ਪੰਜਾਬ ਅਤੇ ਦੇਸ਼ ਨੂੰ ਪ੍ਰਤਿਭਾਸ਼ਾਲੀ ਨੌਜਵਾਨ ਦਿੱਤੇ ਹਨ। ਉਨ੍ਹਾਂ ਕਿਹਾ ਕਿ ਮਾਂ ਖੇਡ ਕਬੱਡੀ ਨੂੰ ਪ੍ਰਫੁੱਲਿਤ ਕਰਨ ਲਈ ਕਾਲਜ ਵੱਲੋਂ ਹਮੇਸ਼ਾਂ ਵਡਮੁੱਲਾ ਯੋਗਦਾਨ ਪਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਤਿੰਨ ਰੋਜ਼ਾ ਅੰਤਰ ਕਾਲਜ ਮੁਕਾਬਲਿਆਂ ਵਿਚ ਜਿੱਥੇ ਪੰਜਾਬ ਦੇ ਵੱਖ-ਵੱਖ ਹਿੱਸਿਆਂ ਤੋਂ ਖਿਡਾਰੀ ਪੁੱਜੇ ਹਨ ਉੱਥੇ ਹੀ ਬੜੇ ਮਾਣ ਵਾਲੀ ਗੱਲ ਹੈ ਕਿ ਇਲਾਕੇ ਦੇ ਨੌਜਵਾਨ ਬੱਚੇ ਤੇ ਬੱਚੀਆਂ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਦੀ ਕਬੱਡੀ ਟੀਮ ਵਿਚ ਖੇਡ ਕੇ ਇਲਾਕੇ ਦਾ ਨਾਂ ਰੋਸ਼ਨ ਕਰ ਰਹੇ ਹਨ।

ਉਨ੍ਹਾਂ ਆਖਿਆ ਕਿ ਖਿਡਾਰੀਆਂ ਨੇ ਆਪਣੀ ਦਲੇਰੀ, ਫੁਰਤੀ ਅਤੇ ਟੀਮ ਵਰਕ ਨਾਲ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਵੀ ਕੀਤਾ ਹੈ। ਉਨ੍ਹਾਂ ਆਪਣੇ ਸੰਬੋਧਨ ਵਿਚ ਨੌਜਵਾਨਾਂ ਨੂੰ ਖੇਡਾਂ ਦੇ ਮਹੱਤਵ ਬਾਰੇ ਦੱਸਦਿਆਂ ਅਨੁਸ਼ਾਸਨ, ਸਮਰਪਣ ਅਤੇ ਟੀਮ ਸਪਿਰਿਟ ਦੀ ਭਾਵਨਾ ਨਾਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ।

ਇਸ ਸਮੇਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਗੁਰਦੀਪ ਸਿੰਘ ਕੰਗ, ਵਧੀਕ ਮੈਨੇਜਰ ਐਡਵੋਕੇਟ ਹਰਦੇਵ ਸਿੰਘ, ਵਧੀਕ ਮੈਨੇਜਰ ਸੰਦੀਪ ਸਿੰਘ ਕਲੋਤਾ, ਕਾਲਜ ਦੇ ਸਰੀਰਕ ਸਿੱਖਿਆ ਵਿਭਾਗ ਦੇ ਮੁਖੀ ਪ੍ਰੋ. ਅਸ਼ੋਕ ਕੁਮਾਰ, ਪ੍ਰੋਫੈਸਰ ਜਗਵੰਤ ਸਿੰਘ, ਕਬੱਡੀ ਕੋਚ ਗੁਰਦੇਵ ਸਿੰਘ, ਮੀਤ ਮੈਨੇਜਰ ਭੁਪਿੰਦਰ ਸਿੰਘ, ਜੇ.ਈ. ਬਲਜਿੰਦਰ ਸਿੰਘ, ਪ੍ਰੋ.ਦਿਲਸ਼ੇਰਵੀਰ ਸਿੰਘ ਤੋਂ ਇਲਾਵਾ ਵੱਖ-ਵੱਖ ਕਾਲਜਾਂ ਦੇ ਵਿਦਿਆਰਥੀ ਤੇ ਸਟਾਫ ਮੌਜੂਦ ਸੀ।



*ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਵਿਖੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸ਼ੁਰੂ ਹੋਏ ਅੰਤਰ ਕਾਲਜ ਕਬੱਡੀ ਮੁਕਾਬਲਿਆਂ ਦਾ ਦ੍ਰਿਸ਼। (ਦਲਜੀਤ)*

# खालसा कॉलेज में पंजाबी यूनिवर्सिटी पटियाला के अंतर कॉलेज कबड्डी मुकाबले संपन्न

## भाई अमरजीत सिंह चावला ने किया विजेता टीमों को सम्मानित

**श्री आनंदपुर साहिब 3 अक्तूबर (मधु सूदन)** : स्थानीय श्री गुरु तेग बहादुर खालसा कॉलेज में पंजाबी यूनिवर्सिटी पटियाला के लड़कों और लड़कियों के अंतर कॉलेज कबड्डी मुकाबले आज शानौ-शौकत के साथ सम्पन्न हो गए।

अंतिम दिन शिरोमणी कमेटी सदस्य भाई अमरजीत सिंह चावला मुख्य अतिथि के रूप में पहुंचे और खिलाड़ियों को आशीर्वाद दिया।खिलाड़ियों को संबोधित करते हुए भाई चावला ने कहा कि शिरोमणी गुरुद्वारा प्रबंधक कमेटी के शैक्षिक संस्थान अकादमिक, सांस्कृतिक और खेलों के क्षेत्र में उत्कृष्ट योगदान दे रहे हैं। उन्होंने बताया कि इस कॉलेज के खिलाड़ी राज्य, राष्ट्रीय और अंतर्राष्ट्रीय स्तर पर पदक जीतकर क्षेत्र का नाम रोशन कर रहे हैं। उन्होंने खिलाड़ियों को टीम स्पिरिट और अनुशासन बनाए रखते हुए खेलने की प्रेरणा दी।



श्री गुरु तेग बहादुर खालसा कालेज में आयोजित अंतर कॉलेज कबड्डी खेल प्रतियोगिता का दृश्य।

इससे पहले कॉलेज के प्रिंसिपल डॉ. जसवीर सिंह ने मुख्य अतिथि का स्वागत और विशेष सम्मान किया। उन्होंने कहा कि शिरोमणी कमेटी प्रधान एडवोकेट हरजिंदर सिंह धामी के दिशा-निर्देशों में कॉलेज हर क्षेत्र में तरक्की कर रहा है।

इस दौरान पंजाबी यूनिवर्सिटी की कबड्डी टीम चयन समिति के अध्यक्ष डिप्टी डीपीआई एवं सरकारी कॉलेज रोपड़ के प्रिंसीपल डॉ. जतिंदर सिंह गिल, ऑब्जर्वर प्रो. अशोक कुमार और विश्वविद्यालय के अन्य प्रतिनिधियों ने किया, जिसमें खालसा कॉलेज की पाँच लड़कियां और दो लड़के यूनिवर्सिटी टीम के लिए चुने गए।



ਖਿਡਾਰੀਆਂ ਨੂੰ ਆਸ਼ੀਰਵਾਦ ਦਿੰਦੇ ਹੋਏ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਅਤੇ ਨਾਲ ਖੜ੍ਹੇ ਕਾਲਜ ਦੇ ਪ੍ਰਿੰਸੀਪਲ ਅਤੇ ਕਾਲਜ ਸਟਾਫ ਮੈਂਬਰ।

# ਖ਼ਾਲਸਾ ਕਾਲਜ ਦੇ ਸੱਤ ਖਿਡਾਰੀਆਂ ਦੀ ਪੀਯੂ ਕਬੱਡੀ ਟੀਮ ਲਈ ਚੋਣ

**ਸੁਰਿੰਦਰ ਸਿੰਘ ਸੋਨੀ • ਪੰਜਾਬੀ ਜਾਗਰਣ**

**ਸ੍ਰੀ ਅਨੰਦਪੁਰ ਸਾਹਿਬ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਵਿਖੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਲੜਕਿਆਂ ਅਤੇ ਲੜਕੀਆਂ ਦੇ ਅੰਤਰ ਕਾਲਜ ਕਬੱਡੀ ਮੁਕਾਬਲੇ ਸ਼ਾਨੋ-ਸ਼ੌਕਤ ਨਾਲ ਸੰਪੰਨ ਹੋਏ। ਅੰਤਿਮ ਦਿਨ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਮੁੱਖ ਮਹਿਮਾਨ ਵਜੋਂ ਪੁੱਜੇ ਤੇ ਖਿਡਾਰੀਆਂ ਨੂੰ ਆਸ਼ੀਰਵਾਦ ਦਿੱਤਾ। ਉਹਨਾਂ ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਖੇਡਾਂ ਰਾਹੀ ਵਿਦਿਆਰਥੀਆਂ ਵਿੱਚ ਟੀਮ ਸਪਿਰਿਟ ਤੇ ਅਨੁਸ਼ਾਸ਼ਨ ਪੈਦਾ ਹੁੰਦਾ ਹੈ ਅਤੇ ਚੰਗੇ ਖਿਡਾਰੀ ਦੇਸ਼ ਦੀ ਨਿਰਮਾਣ ਪ੍ਰਕਿਰਿਆ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਇਸ ਤੋਂ ਪਹਿਲਾਂ ਕਾਲਜ ਪ੍ਰਿੰਸੀਪਲ ਡਾ. ਜਸਵੀਰ ਸਿੰਘ ਨੇ ਮੁੱਖ ਮਹਿਮਾਨ ਦਾ ਸਵਾਗਤ ਕੀਤਾ ਅਤੇ ਉਹਨਾਂ ਨੂੰ ਸਨਮਾਨਿਤ ਵੀ ਕੀਤਾ। ਕਾਲਜ ਦੇ ਸਰੀਰਕ ਸਿੱਖਿਆ ਵਿਭਾਗ ਦੇ ਮੁਖੀ ਪ੍ਰੋ. ਅਸ਼ੋਕ ਕੁਮਾਰ ਨੇ ਨਤੀਜੇ ਜਾਰੀ ਕਰਦਿਆਂ ਦੱਸਿਆ ਕਿ ਮੁੰਡਿਆਂ ਵਿੱਚ ਅਕਾਲ ਕਾਲਜ ਆਫ ਫਿਜ਼ੀਕਲ ਐਜੂਕੇਸ਼ਨ ਮਸਤੂਆਣਾ ਸਾਹਿਬ ਪਹਿਲੇ, ਡੀਏਵੀ ਕਾਲਜ ਬਠਿੰਡਾ ਦੂਜੇ ਅਤੇ ਮੇਜ਼ਬਾਨ ਖਾਲਸਾ ਕਾਲਜ ਤੀਜੇ ਸਥਾਨ ’ਤੇ ਰਹੇ। ਕੁੜੀਆਂ ਵਿੱਚ ਮਾਤਾ ਗੁਜਰੀ ਕਾਲਜ ਫਤਿਹਗੜ੍ਹ ਸਾਹਿਬ ਪਹਿਲੇ, ਯੂਨੀਵਰਸਿਟੀ ਕਾਲਜ ਘਨੌਰ ਦੂਜੇ ਅਤੇ ਮੇਜ਼ਬਾਨ ਖਾਲਸਾ ਕਾਲਜ ਤੀਜੇ ਸਥਾਨ ’ਤੇ ਰਿਹਾ। ਮੁਕਾਬਲਿਆਂ ਤੋਂ ਬਾਅਦ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਕਬੱਡੀ ਟੀਮ ਦੀ ਚੋਣ ਲਈ ਕਮੇਟੀ ਨੇ ਖਿਡਾਰੀਆਂ ਦੀ ਚੋਣ ਕੀਤੀ। ਇਸ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਦੇ ਪੰਜ ਕੁੜੀਆਂ ਅਤੇ ਦੋ ਮੁੰਡਿਆਂ ਸਮੇਤ ਕੁੱਲ ਸੱਤ ਖਿਡਾਰੀ ਯੂਨੀਵਰਸਿਟੀ ਟੀਮ ਲਈ ਚੁਣੇ ਗਏ, ਜਿਸ ਨਾਲ ਕਾਲਜ ਪਰਿਵਾਰ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਇਸ ਮੌਕੇ ਜੇਤੂ ਟੀਮਾਂ ਨੂੰ ਮੁੱਖ ਮਹਿਮਾਨ ਵੱਲੋਂ ਟਰਾਫੀਆਂ ਭੇਟ ਕੀਤੀਆਂ ਗਈਆਂ। ਸਮਾਰੋਹ ਵਿੱਚ ਨੰਬਰਦਾਰ ਸੰਦੀਪ ਸਿੰਘ ਕਲੋਤਾ, ਡਾ. ਰਵਿੰਦਰ ਸਿੰਘ ਰੇਖੀ, ਡਾ. ਗੁਰਪ੍ਰੀਤ ਕੌਰ, ਪ੍ਰੋ. ਦਿਲਸ਼ੇਰਬੀਰ ਸਿੰਘ, ਡਾ. ਬਲਜੀਤ ਸਿੰਘ ਚਾਨਾ, ਕਬੱਡੀ ਕੋਚ ਗੁਰਦੇਵ ਸਿੰਘ ਸਮੇਤ ਕਈ ਵਿਦਵਾਨ ਤੇ ਖੇਡ ਪ੍ਰਮੋਟਰ ਵਿਸ਼ੇਸ਼ ਤੌਰ ’ਤੇ ਹਾਜ਼ਿਰ ਸਨ।



खालसा कालेज में अंतर-कालेज कबड्डी प्रतियोगिता की शुरुआत करवाते कालेज प्रिंसिपल डा. जसवीर सिंह व अन्य ● सौ. संस्था

# जीटीबी कालेज में कबड्डी प्रतियोगिता शुरू

संवाद सहयोगी, जागरण ● आनंदपुर साहिब (रूपनगर): श्री गुरु तेग बहादुर खालसा कालेज में पंजाबी यूनिवर्सिटी पटियाला अंतर-कालेज कबड्डी मुकाबले (लड़के और लड़कियां) शुरू हो गए।

इन मुकाबलों के पहले दिन पंजाब के विभिन्न कालेजों से आई लड़के और लड़कियों की कबड्डी टीमों ने अपने खेल हुनर का प्रदर्शन किया। इस मौके पर कालेज प्रिंसिपल डा. जसवीर सिंह ने कहा कि गुरु तेग बहादुर के नाम पर चल रही इस महान संस्था ने धार्मिक, शैक्षणिक, राजनीतिक, सांस्कृतिक और खेल के क्षेत्र में पंजाब और देश को प्रतिभाशाली युवा दिए हैं। उन्होंने कहा कि कालेज ने हमेशा ही मातृ खेल कबड्डी को बढ़ावा देने में अपना योगदान दिया है।

इस दौरान उन्होंने कहा कि पंजाबी यूनिवर्सिटी पटियाला के तीन दिवसीय अंतर-कालेज मुकाबलों में जहां पंजाब के विभिन्न हिस्सों से खिलाड़ी पहुंचे हैं, वहीं यह बड़े गर्व की बात है कि इलाके के युवा लड़के और लड़कियां श्री गुरु तेग बहादुर खालसा कालेज की कबड्डी टीम में खेल रहे हैं और इलाके का नाम रोशन कर रहे हैं। उन्होंने कहा कि खिलाड़ियों ने अपने साहस, फुर्ती और टीम वर्क से दर्शकों का मनोरंजन भी किया है। उन्होंने युवाओं को खेलों के महत्व के बारे में बताया और उन्हें अनुशासन, समर्पण और टीम भावना के साथ आगे बढ़ने के लिए भी प्रेरित किया गया।

इस मौके पर तख्त श्री केसगढ़ साहिब के मैनेजर गुरदीप सिंह कंग, अतिरिक्त मैनेजर एडवोकेट सिंह हैप्पी, अतिरिक्त मैनेजर संदीप सिंह कलोता, कालेज के शारीरिक शिक्षा विभाग के प्रमुख प्रोफेसर अशोक कुमार, प्रोफेसर जगवंत सिंह, कबड्डी कोच गुरदेव सिंह, उप मैनेजर भूपिंदर सिंह, जेई बलजिंदर सिंह, प्रोफेसर दिलशेरवीर सिंह के अलावा विभिन्न कालेजों के विद्यार्थी और स्टाफ और कालेज के खिलाड़ी भी मौजूद थे।

# खालसा कॉलेज में इंटर कॉलेज कबड्डी मुकाबले शुरू



**श्री आनंदपुर साहिब** | श्री गुरु तेग बहादुर खालसा कॉलेज में पंजाबी यूनिवर्सिटी पटियाला की ओर से आयोजित तीन दिवसीय इंटर कॉलेज कबड्डी मुकाबले (लड़के व लड़कियां) शुक्रवार से शुरू हो गए। पहले दिन पंजाब के अलग-अलग कॉलेजों से आई कबड्डी टीमों ने शानदार खेल कौशल का प्रदर्शन किया। कॉलेज प्रिंसिपल डॉ. जसवीर सिंह ने इस अवसर पर कहा कि गुरु तेग बहादुर के नाम पर चल रही यह संस्था हमेशा से धार्मिक, अकादमिक, सांस्कृतिक, राजनीतिक और खेलों के क्षेत्र में प्रदेश व देश को प्रतिभाशाली युवा देती आई है। उन्होंने बताया कि कबड्डी जैसे पारंपरिक खेल को बढ़ावा देने में कॉलेज का योगदान हमेशा महत्वपूर्ण रहा है। डॉ. जसवीर सिंह ने कहा कि यह गर्व की बात है कि स्थानीय लड़के-लड़कियां भी खालसा कॉलेज की कबड्डी टीमों में खेलकर इलाके का नाम रोशन कर रहे हैं। उन्होंने खिलाड़ियों को अनुशासन, समर्पण और टीम स्पिरिट की भावना से आगे बढ़ने की प्रेरणा दी। इस मौके पर तख्त श्री केसगढ़ साहिब के मैनेजर गुरदीप सिंह कंग, एडवोकेट सिंह हैपी, संदीप सिंह कलोता, प्रो. अशोक कुमार, प्रो. जगवंत सिंह, कबड्डी कोच गुरदेव सिंह, प्रो. दिलशेरवीर सिंह समेत विद्यार्थी मौजूद रहे।